ਫੈਕਸ

**ਹਾਈਕੋਰਟ ਕੇਸ/ਮਿਤੀ ਬੱਧ**

ਵੱਲੋ

ਵਧੀਕ ਡਾਇਰੈਕਟਰ ਜਨਰਲ ਪੁਲਿਸ,
ਆਰਮਡ ਬਨਜ਼, ਜਲੰਧਰ ।

ਵੱਲ

ਸਮੂਹ ਕਮਾਡੈਂਟਸ ਆਰਮਡ ਬਟਾਲੀਅਨਜ਼ ਅਤੇ ਟਰੇਨਿੰਗ ਸੈਂਟਰ (ਨਾਮ ਪਰ)
ਇੰਚਾਰਜ਼ ਕੰਟਰੋਲ ਰੂਮ, ਪੀ.ਏ.ਪੀ. ਜਲੰਧਰ ।
ਇੰਚਾਰਜ਼ ਕਮਾਂਡੋ ਕੰਟਰੋਲ ਰੂਮ, ਬਹਾਦਰਗੜ੍ਹ, ਪਟਿਆਲਾ ।

ਨੰਬਰ: /ਸੀ.ਬੀ-ਐਸ.ਏ-2 ਮਿਤੀ

ਵਿਸ਼ਾ: ਸਿਵਲ ਰਿੱਟ ਪਟੀਸ਼ਨ ਨੰ: 4829/2011 ਅਤੇ ਸੀ.ਓ.ਸੀ.ਪੀ. ਨੰ: 1492 ਆਫ 2015 ਦਾਇਰ ਵਲੋਂ ਪ੍ਰਦੀਪ ਸਿੰਘ ਬਨਾਮ ਪੰਜਾਬ ਸਰਕਾਰ ਵਿੱਚ ਹੋਏ ਫੈਸਲਿਆਂ ਦੀ ਪਾਲਣਾ ਵਿੱਚ ਸੀਨੀਆਰਤਾ ਰੀ-ਕਾਸਟ ਕਰਨ ਸਬੰਧੀ ।

ਯਾਦ ਪੱਤਰ

ਆਰਮਡ ਵਿੰਗ ਦੇ ਮਿਤੀ 1/1/1991 ਤੋਂ 01/1/2000 ਤੱਕ ਤਰੱਕੀ ਲਿਸਟ ਸੀ-2 ਪਰ ਦਰਜ਼ ਕਰਮਚਾਰੀਆਂ/ਅਧਿਕਾਰੀਆਂ ਦਾ ਸਰਵਿਸ ਪ੍ਰਫਾਰਮਾ ਤਿਆਰ ਕੀਤਾ ਗਿਆ ਹੈ ਜ਼ੋ ਕਿ WEBSITE <u>WWW.PUNJABARMEDPOLICE.CO.IN</u> ਪਰ ਪਾ ਦਿੱਤਾ ਗਿਆ ਹੈ । ਇਨਾਂ ਕਰਮਚਾਰੀਆਂ/ਅਧਿਕਾਰੀਆਂ ਦੇ ਸਰਵਿਸ ਰਿਕਾਰਡ ਨੂੰ ਵਾਚਣ ਉਪਰੰਤ (Entries good, detail of bad entries), (adverse ACR if any), ਭਰੇ ਜਾਣ ਅਤੇ ਬਾਕੀ ਕਾਲਮਾਂ ਵਿੱਚ ਦਰਜ ਸਰਵਿਸ ਵੇਰਵਿਆਂ ਨੂੰ ਵੀ ਰਿਕਾਰਡ ਮੁਤਾਬਿਕ ਚੰਗੀ ਤਰ੍ਹਾਂ ਚੈਕ ਕੀਤਾ ਜਾਵੇ ਅਤੇ ਖਾਲੀ ਕਾਲਮ ਭਰੇ ਜਾਣ । ਜੇਕਰ ਇਸ ਦਫਤਰ ਵਲੋਂ ਭਰੇ ਗਏ ਵੇਰਵਿਆਂ ਵਿੱਚ ਰਿਕਾਰਡ ਮੁਤਾਬਿਕ ਕੋਈ ਅੰਤਰ ਹੋਵੇ ਤਾਂ ਉਨਾਂ ਸਬੰਧੀ ਵਿਸ਼ੇਸ਼ ਕਥਨ ਵਿੱਚ ਅੰਕਿਤ ਕੀਤਾ ਜਾਵੇ । ਜੇਕਰ ਆਪ ਜੀ ਦੀ ਬਟਾਲੀਅਨ ਦਾ ਸਮੇਤ ਡੈਪੂਟੇਸ਼ਨ ਕੋਈ ਕਰਮਚਾਰੀ ਜਿਸ ਦਾ ਨਾਮ ਮਿਤੀ 1/1/1991 ਤੋਂ ਲੈ ਕੇ 1/1/2000 ਤੱਕ ਤਰੱਕੀ ਲਿਸਟ ਸੀ-2 ਵਿੱਚ ਦਰਜ਼ ਹੋਵੇ ਇਸ ਲਿਸਟ ਵਿੱਚ ਦਰਜ਼ ਕਰਨ ਤੋਂ ਰਹਿ ਗਿਆ ਹੋਵੇ ਤਾਂ ਉਸ ਦਾ ਨਾਮ ਸਮੇਤ ਸਰਵਿਸ ਵੇਰਵੇ ਵੀ ਇਸ ਦਫਤਰ ਨੂੰ ਭੇਜੇ ਜਾਣ । ਉਕੱਤ ਮੰਗੀ ਗਈ ਸੂਚਨਾ ਨੂੰ ਪਹਿਲ ਦੇ ਆਧਾਰ ਤੇ ਤਿਆਰ ਕਰਕੇ ਸਾਧਾਰਨ ਡਾਕ ਦੀ ਬਜਾਏ ਸਬੰਧਤ ਡੀਲਿੰਗ ਹੈਂਡ ਆਪ ਮਿਤੀ 17/3/2017 ਨੂੰ ਹਰ ਹਾਲਤ ਵਿੱਚ ਸਵੇਰੇ 10.00 ਵਜ਼ੇ ਤੱਕ ਲੈ ਕੇ ਇਸ ਦਫਤਰ ਵਿਖੇ ਹਾਜ਼ਰ ਹੋਵੇ । ਉਕੱਤ ਕਰਮਚਾਰੀਆਂ ਵਿਚੋਂ ਜਿਹੜੇ ਕਰਮਚਾਰੀ ਡੈਪੂਟੇਸ਼ਨ ਪਰ ਤਾਇਨਾਤ ਸੀ ਜਾਂ ਹਨ ਉਨਾਂ ਸਬੰਧੀ ਸੂਚਨਾ ਆਪਣੇ ਪੱਧਰ ਤੇ ਸਬੰਧਤ ਦਫਤਰਾਂ ਪਾਸੋਂ ਮਿਥੇ ਸਮੇਂ ਅੰਦਰ ਪ੍ਰਾਪਤ ਕਰਕੇ ਇਸ ਦਫਤਰ ਨੂੰ ਭੇਜੀ ਜਾਵੇ । ਐਨ.ਜੀ.ਓਜ਼ ਦੀਆਂ ਅਡਵਰਸ ਏ.ਸੀ.ਆਰਜ਼ ਸਬੰਧੀ ਸੂਚਨਾ ਇਸ ਦਫਤਰ ਦੀ ਸੁਪਰਡੰਟ ਸ਼ਾਖਾ ਵਿਚੋਂ ਡੀਲਿੰਗ ਹੈਡਾਂ ਨੂੰ ਨਾਮਜ਼ਦ ਕਰਕੇ ਸਮੇਂ ਸਿਰ ਪ੍ਰਾਪਤ ਕੀਤੀ ਜਾਵੇ । ਲੋੜੀਂਦੀ ਸੂਚਨਾਂ ਸਮੇਂ ਸਿਰ ਮੁਹੱਈਆ ਨਾ ਕਰਾਉਣ ਦੀ ਸੂਰਤ ਵਿੱਚ ਆਪ ਜੀ ਦਾ ਦਫਤਰ ਜਿੰਮੇਵਾਰ ਹੋਵੇਗਾ।

ਵਾਸਤੇ ਵਧੀਕ ਡਾਇਰੈਕਟਰ ਜਨਰਲ ਪੁਲਿਸ,
ਆਰਮਡ ਬਨਜ਼: ਜਲੰਧਰ ।

ਨੰਬਰ: 3056-62 /ਸੀ.ਬੀ-ਐਸ.ਏ-2 ਮਿਤੀ 14/3/17

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ ਨੂੰ ਉਨਾਂ ਦੇ ਦਫਤਰ ਦੇ ਪੱਤਰ ਨੰਬਰ 2557-68/ਈ-1 (5) ਮਿਤੀ 28/2/2017 ਦੇ ਸਬੰਧ ਵਿੱਚ ।
2. ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਇੰਟੈਲੀਜੈਂਸ ਵਿੰਗ, ਪੰਜਾਬ ਚੰਡੀਗੜ੍ਹ ।
3. ਚੀਫ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ ਚੰਡੀਗੜ੍ਹ ।
4. ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਸਕਿਊਰਟੀ, ਪੰਜਾਬ ਚੰਡੀਗੜ੍ਹ ।
5. ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਪੀ.ਐਸ.ਪੀ.ਸੀ.ਐਲ, ਪੰਜਾਬ ਪਟਿਆਲਾ ।
6. ਡਾਇਰੈਕਟਰ, ਪੰਜਾਬ ਪੁਲਿਸ ਅਕੈਡਮੀ, ਫਿਲੌਰ ।
7. ਇੰਸਪੈਕਟਰ ਜਨਰਲ ਪੁਲਿਸ, ਕਮਾਂਡੋ ਬਟਾਲੀਅਨਜ਼, ਬਹਾਦਰਗੜ੍ਹ ਪਟਿਆਲਾ ।

8. ਇੰਸਪੈਕਟਰ ਜਨਰਲ ਪੁਲਿਸ, ਆਈ.ਆਰ. ਬਟਾਲੀਅਨਜ਼, ਪਟਿਆਲਾ ।
9. ਇੰਸਪੈਕਟਰ ਜਨਰਲ ਪੁਲਿਸ, ਐਸ.ਐਸ.ਜੀ., ਪੰਜਾਬ, ਚੰਡੀਗੜ੍ਹ ।
10. ਇੰਸਪੈਕਟਰ ਜਨਰਲ ਪੁਲਿਸ, ਯੂ.ਟੀ., ਚੰਡੀਗੜ੍ਹ ।
11. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪ੍ਰਸ਼ਾਸਨ, ਸੀ.ਪੀ.ਓ, ਪੰਜਾਬ, ਚੰਡੀਗੜ੍ਹ ।
12. ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਪ੍ਰਸ਼ਾਸਨ, ਆਈ.ਆਰ. ਬਟਾਲੀਅਨਜ਼, ਪਟਿਆਲਾ ।
13. ਕਮਾਂਡੈਂਟ, ਪੀ.ਆਰ.ਟੀ.ਸੀ. ਜਹਾਨਖੇਲਾਂ ।
14. ਸੁਪਰਡੰਟ ਪ੍ਰਸ਼ਾਸਨ (ਦਫਤਰ ਵਿੱਚ ਲਈ) ਪ੍ਰੋਫਾਰਮੇ ਵਿੱਚ ਦਰਜ਼ ਐਨ.ਜੀ.ਓਜ਼ ਦੀਆਂ ਅਡਵਰਸ ਏ.ਸੀ.ਆਰਜ਼ ਸਬੰਧੀ ਸੂਚਨਾ ਸਬੰਧਤ ਬਟਾਲੀਅਨਜ਼/ਯੂਨਿਟਾਂ ਦੇ ਡੀਲਿੰਗ ਹੈਂਡਾਂ ਨੂੰ ਸਮੇਂ ਸਿਰ ਮੁਹੱਈਆ ਕਰਵਾਈ ਜਾਵੇ ।
15. ਇੰਚਾਰਜ਼, ਵੈਬਸਾਈਟ, ਪੀ.ਏ.ਪੀ. ਜਲੰਧਰ । ਨਾਲ ਨੱਥੀ ਪ੍ਰੋਫਾਰਮਾ ਵੈਬਸਾਈਟ ਪਰ ਤੁਰੰਤ ਅਪਲੋਡ ਕਰਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ।

ਵਾਸਤੇ ਵਧੀਕ ਡਾਇਰੈਕਟਰ ਜਨਰਲ ਪੁਲਿਸ,
ਆਰਮਡ ਬਨਜ਼: ਜਲੰਧਰ ।